ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

## ਹੁਕਮ

ਸਰਕਾਰ ਵਲੋਂ ਪੱਤਰ ਨੰ: 02/14/2020-ਇਸ1(2)/518/1-6 ਮਿਤੀ 09.07.2020 ਰਾਹੀਂ ਜਾਰੀ ਬਦਲੀਆਂ/ਤੈਨਾਤੀਆਂ ਦੇ ਹੁਕਮਾਂ ਵਿੱਚ ਲੜੀ ਨੰ: 14 ਤੇ ਦਰਜ ਸ੍ਰੀ ਰਾਗਵ ਖਜੂਰੀਆ, ਉਪ ਮੰਡਲ ਇੰਜਨੀਅਰ ਉਸਾਰੀ ਉਪ ਮੰਡਲ ਫਾਜਿਲਕਾ ਦੀ ਪ੍ਰਾਂਤਕ ਉਪ ਮੰਡਲ ਨੰ:1 ਅਧੀਨ ਉਸਾਰੀ ਉਪ ਮੰਡਲ ਪਠਾਣਕੋਟ ਵਿਖੇ ਕੀਤੀ ਗਈ ਬਦਲੀ ਦੇ ਹੁਕਮਾਂ ਨੂੰ ਰੱਦ ਕੀਤਾ ਜਾਂਦਾ ਹੈ।

2. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

**ਮਿਤੀ, ਚੰਡੀਗੜ੍ਹ:**
**29 ਜੁਲਾਈ, 2020**

**ਵਿਕਾਸ ਪ੍ਰਤਾਪ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਲੋਕ ਨਿਰਮਾਣ (ਭ ਤੇ ਮ)**

ਪਿਠ ਅੰ. ਨੰ: 2/27/2020-4Br1/I/56439/2020 ਮਿਤੀ, ਚੰਡੀਗੜ੍ਹ: 29/07/2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਮੁੱਖ ਇੰਜੀਨੀਅਰ (ਹੈ.ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ/ਚੰਡੀਗੜ੍ਹ;
2. ਸਮੂਹ ਮੁੱਖ ਇੰਜ਼ੀਨੀਅਰ, ਪੰਜਾਬ ਲੋਕ ਨਿਰਮਾਣ ਵਿਭਾਗ।
3. ਸਬੰਧਤ ਅਧਿਕਾਰੀ।
4. ਸ੍ਰੀ ਕਰਮਜੀਤ ਸਿੰਘ,ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ. ਫੇਜ-2 ਮੋਹਾਲੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਉਪਰੰਤ ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।

ਸੁਪਰਡੰਟ

ਅੰਦਰੂਨੀ ਵੰਡ:-

1. ਸਕੱਤਰ/ਮ.ਲੋ.ਨਿ.ਮੰ. ਜੀ;
2. ਨਿਜੀ ਸਕੱਤਰ/ਸਕੱਤਰ ਲੋਕ ਨਿਰਮਾਣ ਵਿਭਾਗ, ਪੰਜਾਬ;
3. ਨਿੱਜੀ ਸਹਾਇਕ/ਵਿਸੇਸ ਸਕੱਤਰ, ਲੋਕ ਨਿਰਮਾਣ ਵਿਭਾਗ, ਪੰਜਾਬ;
4. ਸਟੈਨੋ, ਇਮਾਰਤਾਂ ਅਤੇ ਸੜਕਾਂ-1 ਸ਼ਾਖਾ;

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ-1 ਸ਼ਾਖਾ)

ਵਿਸ਼ਾ- **Regarding Policy on Public Grievance Redressal 2020.**

----

ਡਾਇਰਕੈਟਰ, ਪ੍ਰਸ਼ਾਸ਼ਕੀ ਸੁਧਾਰ ਵਿਭਾਗ, ਪੰਜਾਬ ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਆਪਣੇ ਪੱਤਰ ਨੰ.-DGR/AM(M)/Redressal/Module/2019/145/290 dated-16-01-2020 ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਹਵਾਲਾ ਅਧੀਨ ਪੱਤਰ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਲੋਕ ਨਿਰਮਾਣ ਵਿਭਾਗ ਵਲੋਂ ਸ੍ਰੀ ਸੁਖਦੀਪ ਸਿੰਘ ਢੀਂਡਸਾ, ਨਿਗਰਾਨ ਇੰਜੀਨੀਅਰ (ਟਰੈਫਿਕ ਸੈਲ-ਕਮ-ਐਡਮਿਨ, ਪੀ.ਆਰ.ਬੀ.ਡੀ.ਬੀ.) ਨੂੰ State Nodal Officer ਨਿਯੁਕਤ ਕੀਤਾ ਜਾਂਦਾ ਹੈ, ਜਿਨ੍ਹਾਂ ਦੀ ਮੁਕੰਮਲ ਜਾਣਕਾਰੀ ਪ੍ਰੋਫਾਰਮਾ-A ਵਿੱਚ ਭਰਕੇ ਭੇਜੀ ਜਾਂਦੀ ਹੈ।

3. ਉਕਤ ਤੋਂ ਇਲਾਵਾ ਪ੍ਰੋਫਾਰਮਾ-B ਸਬੰਧੀ ਸੂਚਨਾਂ ਲੋਕ ਨਿਰਮਾਣ ਵਿਭਾਗ ਦੇ ਸਬੰਧਤ ਮੁੱਖ ਇੰਜੀਨੀਅਰਾਂ ਤੋਂ ਮੰਗੀ ਹੋਈ ਹੈ, ਜੋ ਕਿ ਅਤਿ ਜਲਦ ਹੀ ਆਪ ਨੂੰ ਅਗਲੇਰੀ ਯੋਗ ਕਾਰਵਾਈ ਹਿੱਤ ਭੇਜ ਦਿੱਤੀ ਜਾਵੇਗੀ ਜੀ।

ਵਧੀਕ ਸਕੱਤਰ, ਲੋਕ ਨਿਰਮਾਣ

ਸੇਵਾ ਵਿਖੇ,

ਡਾਇਰੈਕਟਰ,
ਪ੍ਰਸ਼ਾਸ਼ਕੀ ਸੁਧਾਰ ਵਿਭਾਗ,
ਪੰਜਾਬ।

ਅੰ.ਵਿ.ਪੱ.ਨੰ.-308/103/2020-3ੲਸ3/ਇਸ1/6331 ਮਿਤੀ, ਚੰਡੀਗੜ੍ਹ- 24/07/2020

ਪਿੰਠ.ਅੰ.ਨੰ.308/103/2020-3ੲਸ3/ਇਸ1/6332 ਮਿਤੀ,ਚੰਡੀਗੜ੍ਹ- 24/07/2020

ਉਪਰੋਕਤ ਦਾ ਇੱਕ ਉਤਾਰਾ ਸ੍ਰੀ ਸੁਖਦੀਪ ਸਿੰਘ ਢੀਡਸਾ, ਨਿਗਰਾਨ ਇੰਜੀਨੀਅਰ (ਟਰੈਫਿਕ ਸੈਲ-ਕਮ-ਐਡਮਿਨ, ਪੀ.ਆਰ.ਬੀ.ਡੀ.ਬੀ) ਨੂੰ ਅਗੇਲਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ-1 ਸ਼ਾਖਾ)

## ਹੁਕਮ

ਸ੍ਰੀ ਰਜਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ (ਬਿਜਲੀ), ਲੋਕ ਨਿਰਮਾਣ ਵਿਭਾਗ (ਭ ਤੇ ਮ), ਬਿਜਲੀ ਮੰਡਲ, ਚੰਡੀਗੜ੍ਹ ਦੇ ਮਿਤੀ 13.7.2020 ਤੋਂ 7.8.2020 ਤੱਕ ਕਮਾਈ ਛੁੱਟੀ ਤੇ ਜਾਣ ਕਾਰਨ ਇਸ ਛੁੱਟੀ ਦੌਰਾਨ ਬਿਜਲੀ ਮੰਡਲ, ਚੰਡੀਗੜ੍ਹ ਦਾ ਵਾਧੂ ਚਾਰਜ ਸ੍ਰੀ ਦਵਿੰਦਰ ਕੌਸ਼ਲ, ਕਾਰਜਕਾਰੀ ਇੰਜੀਨੀਅਰ (ਬਿਜਲੀ), ਬਿਜਲੀ ਮੰਡਲ ਨੰ:1, ਪਟਿਆਲਾ ਨੂੰ ਦਿੱਤਾ ਜਾਂਦਾ ਹੈ ਅਤੇ ਦਿਤੇ ਗਏ ਵਾਧੂ ਚਾਰਜ ਦਾ ਕੋਈ ਵਿੱਤੀ ਲਾਭ ਆਦਿ ਨਹੀਂ ਦਿੱਤਾ ਜਾਵੇਗਾ।

2 ਇਹ ਹੁਕਮ ਤੁਰੰਤ ਲਾਗੂ ਹੋਣਗੇ।

3 ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਵਿਕਾਸ ਪ੍ਰਤਾਪ, ਆਈ.ਏ.ਐਸ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ (ਭ ਤੇ ਮ)

ਮਿਤੀ,ਚੰਡੀਗੜ੍ਹ:
15.07.2020

ਪਿ.ਅੰ.ਨੰ:PWD-BR102/25/2020-2BR1/624/1-6 ਮਿਤੀ, ਚੰਡੀਗੜ੍ਹ: 20/7/2020

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
3. ਮੁੱਖ ਇੰਜੀਨੀਅਰ (ਹੈ. ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ) ਪਟਿਆਲਾ।
4. ਮੁੱਖ ਇੰਜੀਨੀਅਰ, ਬਿਜਲੀ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ)।
5. ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਮੋਹਾਲੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
6. ਸਬੰਧਤ ਅਧਿਕਾਰੀ।

ਸੁਪਰਡੰਟ

ਅੰਦਰੂਨੀ ਵੰਡ:-

1. ਸਕੱਤਰ/ਲੋਕ ਨਿਰਮਾਣ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਲੋਕ ਨਿਰਮਾਣ, ਪੰਜਾਬ।
3. ਜ.ਸ.ਸ/ਅਧੀਨ ਸਕੱਤਰ, ਲੋਕ ਨਿਰਮਾਣ, ਪੰਜਾਬ।

No. 74033/2020 J-S-PRBDB
dt. 16/07/2020

CE/DD(I.T)
16/7/2020

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ-1 ਸ਼ਾਖਾ)

## ਹੁਕਮ

ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿਚ ਹੁਕਮ ਨੰ:2/33/2018-ਇਸ1(2)/14-22, ਮਿਤੀ 5.1.2018 ਰਾਹੀਂ ਸ੍ਰੀ ਰਿਪਦਮਨ ਸਿੰਘ ਸੇਠ, ਸ੍ਰੀ ਇੰਦਰਜੀਤ ਸਿੰਘ, ਸ੍ਰੀ ਗਿੰਦਰ ਸਿੰਘ ਅਤੇ ਸ੍ਰੀ ਜਸਪ੍ਰੀਤ ਸਿੰਘ ਨੂੰ ਹੋਰਨਾਂ ਦੇ ਨਾਲ ਬਤੌਰ ਕਾਰਜਕਾਰੀ ਇੰਜੀਨੀਅਰ (ਸਿਵਲ) ਪਦਉਨਤ ਕੀਤਾ ਗਿਆ ਸੀ ਅਤੇ ਇਹਨਾਂ ਹੁਕਮਾਂ ਵਿਚ ਇਹ ਸ਼ਰਤ ਲਗਾਈ ਗਈ ਸੀ ਕਿ ਇਹ ਪਦਉਨਤੀ ਇੱਕ ਸਾਲ ਦੇ ਸਮੇਂ ਲਈ ਪਰਖਕਾਲ ਤੇ ਹੋਵੇਗੀ।

2 ਮੁੱਖ ਇੰਜੀਨੀਅਰ (ਹੈ.ਕੁ) ਪਟਿਆਲਾ ਵਲੋਂ ਆਪਣੇ ਪੱਤਰ ਨੰ: 1386/ਅ-1 ਮਿਤੀ 18.3.2020 ਅਤੇ ਪੱਤਰ ਨੰ: 4216/ਅ-1, ਮਿਤੀ 17.06.2020 ਰਾਹੀਂ ਭੇਜੇ ਗਏ ਰਿਕਾਰਡ ਆਦਿ ਨੂੰ ਘੋਖਣ ਉਪਰੰਤ ਪਾਇਆ ਗਿਆ ਕਿ ਪਰਖਕਾਲ ਦੇ ਸਮੇਂ ਦੌਰਾਨ ਇਹਨਾਂ ਅਧਿਕਾਰੀਆਂ ਵਿਰੁੱਧ ਕੋਈ ਕੋਰਟ ਕੇਸ/ਵਿਭਾਗੀ ਪੜਤਾਲ ਅੰਡਰ ਰੂਲ 8 ਆਦਿ ਦਾ ਕੇਸ ਲੰਬਿਤ ਨਹੀਂ ਹੈ ਅਤੇ ਇਹਨਾਂ ਅਧਿਕਾਰੀਆਂ ਦਾ ਕੰਮਕਾਜ ਬਹੁਤ ਅੱਛਾ ਹੈ।

3 ਇਸ ਲਈ ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ ਦੇ ਪੱਤਰ ਨੰ: 11/4/1988-1ਪੀਪੀ(1)/4960, ਮਿਤੀ 8.4.1991 ਤਹਿਤ ਜਾਰੀ ਕੀਤੀਆਂ ਹਦਾਇਤਾਂ ਦੇ ਸਨਮੁੱਖ ਉਕਤ ਦਰਜ 04(ਚਾਰ) ਕਾਰਜਕਾਰੀ ਇੰਜੀਨੀਅਰਾਂ ਦਾ ਮਿਤੀ 05.01.2018 ਤੋਂ ਮਿਤੀ 04.01.2019 ਤੱਕ ਦਾ ਪਰਖ ਕਾਲ ਸਮਾਂ ਪਾਰ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

4 ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

**ਵਿਕਾਸ ਪ੍ਰਤਾਪ, ਆਈ.ਏ.ਐਸ**
**ਪ੍ਰਮੁੱਖ ਸਕੱਤਰ ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਮਿਤੀ,ਚੰਡੀਗੜ੍ਹ:**
**06.07.2020**

ਪਿ.ਅੰ.ਨੰ:02/33/2018-ਇਸ1(1)/5154 ਮਿਤੀ, ਚੰਡੀਗੜ੍ਹ: 08/07/2020

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
3. ਮੁੱਖ ਇੰਜੀਨੀਅਰ (ਹੈ. ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ ) ਪਟਿਆਲਾ ਨੂੰ ਉਹਨਾਂ ਦੇ ਪੱਤਰ ਪੱਤਰ ਨੰ: 4216/ਅ-1, ਮਿਤੀ 17.06.2020 ਦੇ ਹਵਾਲੇ ਵਿਚ
4. ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਮੋਹਾਲੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
5. ਸਬੰਧਤ ਅਧਿਕਾਰੀ (ਸ੍ਰੀ ਰਿਪਦਮਨ ਸਿੰਘ ਸੇਠ, ਸ੍ਰੀ ਇੰਦਰਜੀਤ ਸਿੰਘ, ਸ੍ਰੀ ਗਿੰਦਰ ਸਿੰਘ ਅਤੇ ਸ੍ਰੀ ਜਸਪ੍ਰੀਤ ਸਿੰਘ)।

ਸੁਪਰਡੰਟ

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ-1 ਸ਼ਾਖਾ)

ਹੁਕਮ

ਪ੍ਰਬੰਧਕੀ/ਲੋਕ ਹਿਤ ਨੂੰ ਮੁੱਖ ਰੱਖਦੇ ਹੋਏ ਲੋਕ ਨਿਰਮਾਣ ਵਿਭਾਗ (ਭ ਤੇ ਮ) ਵਿਚ ਕੰਮ ਕਰਦੇ ਸ੍ਰੀ ਅੰਗਰੇਜ ਸਿੰਘ, ਕਾਰਜਕਾਰੀ ਇੰਜੀਨੀਅਰ, ਕੇਂਦਰੀ ਕਾਰਜ ਮੰਡਲ, ਪਠਾਨਕੋਟ ਨੂੰ ਕੇਂਦਰੀ ਕਾਰਜ ਮੰਡਲ, ਹੁਸ਼ਿਆਰਪੁਰ ਵਿਖੇ ਖਾਲੀ ਅਸਾਮੀ ਵਿਰੁੱਧ ਤੈਨਾਤ ਕਰਦੇ ਹੋਏ ਕੇਂਦਰੀ ਕਾਰਜ ਮੰਡਲ, ਪਠਾਨਕੋਟ ਦਾ ਵਾਧੂ ਚਾਰਜ ਦਿੱਤਾ ਜਾਂਦਾ ਹੈ। ਇਸ ਵਾਧੂ ਚਾਰਜ ਦਾ ਕੋਈ ਵਿਤੀ ਲਾਭ ਆਦਿ ਨਹੀਂ ਦਿੱਤਾ ਜਾਵੇਗਾ।

2 ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

ਵਿਕਾਸ ਪ੍ਰਤਾਪ, ਆਈ.ਏ.ਐਸ,<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਲੋਕ ਨਿਰਮਾਣ ਵਿਭਾਗ (ਭ ਤੇ ਮ)

ਮਿਤੀ, ਚੰਡੀਗੜ੍ਹ;<br>15 ਜੁਲਾਈ, 2020

ਅੰ.ਵਿ.ਪੱ.ਨੰ: 2/14/2020-ਇਸ1(2)/ 599/1-5 ਮਿਤੀ,ਚੰਡੀਗੜ੍ਹ: 15/07/2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

(1) ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ ,ਚੰਡੀਗੜ੍ਹ।

(2) ਮਹਾਂਲੇਖਾਕਾਰ (ਆਡਿਟ), ਪੰਜਾਬ ,ਚੰਡੀਗੜ੍ਹ।

(3) ਸਮੂਹ ਮੁੱਖ ਇੰਜੀਨੀਅਰ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ)।

(4) ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ. ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਨੂੰ ਵਿਭਾਗ ਦੀ ਸਾਈਟ ਤੇ ਅਪਲੋਡ ਕਰਨ ਹਿਤ।

(5) ਸਬੰਧਤ ਅਧਿਕਾਰੀ।

ਸੁਪਰਡੰਟ

ਅੰਦਰੂਨੀ ਵੰਡ:

1. ਸਕੱਤਰ/ਲੋਕ ਨਿਰਮਾਣ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਲੋਕ ਨਿਰਮਾਣ।
3. ਜ.ਸ.ਸ./ਅਧੀਨ ਸਕੱਤਰ ਲੋਕ ਨਿਰਮਾਣ।
4. ਸਟੈਨੋ/ਇਮਾਰਤਾਂ ਤੇ ਸੜਕਾਂ-1 ਸ਼ਾਖਾ, (ਮਾਸਟਰ ਕਾਪੀ)।

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

**ਮੂੰਹ ਬੋਲਦੇ ਹੁਕਮ**

ਜਿਵੇਂ ਕਿ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵਲੋਂ ਸਿਵਲ ਅਪੀਲ ਨੰ: 17869-17870/2017 (**Arising Out of Special Leave Petition (c) Nos. 19807-19808 (2012)** ਵਿੱਚ ਦਿੱਤੇ ਫੈਸਲੇ ਮਿਤੀ 03.11.2017 ਦੇ ਅਧਾਰ ਤੇ ਮੁੱਖ ਇੰਜ਼ਨੀਅਰ ਹੈ.ਕੁ ਦਫਤਰ ਵਲੋਂ ਸ੍ਰੀ ਹਰਪਾਲ ਸਿੰਘ ਸੰਧੂ, ਉਪ ਮੰਡਲ ਇੰਜਨੀਅਰ ਦੀ ਡਿਗਰੀ ਨੂੰ ਵੈਲਡ ਮੰਨਦੇ ਹੋਏ ਡਿਟੇਲਡ ਸਪੀਕਿੰਗ ਆਰਡਰ ਨੰ: 107/ਅ-11 ਮਿਤੀ 01.07.19 ਜਾਰੀ ਕੀਤੇ ਗਏ ਸਨ ਅਤੇ ਇਹਨਾਂ ਹੁਕਮਾਂ ਨਾਲ ਸ੍ਰੀ ਹਰਪਾਲ ਸਿੰਘ ਸੰਧੂ ਨੂੰ ਜੂਨੀਅਰ ਇੰਜਨੀਅਰ (ਏ.ਐਮ.ਆਈ.ਈ/ਡਿਗਰੀ ਹੋਲਡਰ) (ਸਿਵਲ) ਦੀ ਸੀਨੀਆਰਤਾ ਸੂਚੀ ਨੰ: 4727-46/ਅ-11 ਮਿਤੀ 26.10.09 ਵਿੱਚ ਉਸਦੇ ਜੂਨੀਅਰ ਸ੍ਰੀ ਗੁਰਬਿੰਦਰ ਸਿੰਘ, ਸੀਨੀਆਰਤਾ ਨੰ: 17 ਤੋਂ ਉਪਰ ਸੀਨੀਆਰਤਾ ਨੰ: 16 ਏ ਤੇ ਦਰਜ ਕੀਤਾ ਗਿਆ ਸੀ। ਸ੍ਰੀ ਹਰਪਾਲ ਸਿੰਘ ਸੰਧੂ ਦੀ ਬਤੌਰ ਜੂਨੀਅਰ ਇੰਜਨੀਅਰ ਸੀਨੀਆਰਤਾ ਵਿੱਚ ਸੋਧ ਕਰਨ ਸਬੰਧੀ ਮੁੱਖ ਇੰਜਨੀਅਰ (ਹੈ.ਕੁ), ਲੋਕ ਨਿਰਮਾਣ ਦਫਤਰ ਵਲੋਂ ਜਾਰੀ ਹੁਕਮ ਨੰ: 107/ਅ-11 ਮਿਤੀ 01.07.19 ਦੇ ਅਧਾਰ ਤੇ ਸਰਕਾਰ ਵਲੋਂ ਸਪੀਕਿੰਗ ਆਰਡਰ ਨੰ: 02/56/2019-ਇਸ1(4)/1588118/1-3 ਮਿਤੀ 01.10.19 ਜਾਰੀ ਕਰਦੇ ਹੋਏ ਸ੍ਰੀ ਹਰਪਾਲ ਸਿੰਘ ਸੰਧੂ ਨੂੰ ਮਿਤੀ 26.04.2019 ਨੂੰ ਜਾਰੀ ਉਪ ਮੰਡਲ ਇੰਜਨੀਅਰਾਂ ਦੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 37 ਦੀ ਬਜਾਏ 7 ਏ ਤੇ ਦਰਜ ਕੀਤਾ ਗਿਆ ਸੀ ਅਤੇ ਇਹ ਸ਼ਰਤ ਲਗਾਈ ਗਈ ਸੀ ਕਿ ਜੇਕਰ ਕੋਈ ਨਵੇਂ ਤੱਥ ਸਾਹਮਣੇ ਆਉਂਦੇ ਹਨ ਤਾਂ ਇਹਨਾਂ ਹੁਕਮਾਂ ਨੂੰ ਮੁੜ ਵਿਚਾਰਿਨ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ।

2. ਸਿਵਲ ਅਪੀਲ ਨੰ: 17869-17870/2017 (**Arising Out of Special Leave Petition (c) Nos. 19807-19808 (2012)** ਵਿੱਚ ਦਾਇਰ ਐਮ.ਏ ਨੰ: 1795-96 ਆਫ 2017 ਵਿੱਚ ਮਿਤੀ 22.01.2018 ਨੂੰ ਮਾਨਯੋਗ ਸੁਪਰੀਮ ਕੋਰਟ ਵਲੋਂ ਦਿੱਤੇ ਫੈਸਲੇ ਦੇ ਸਨਮੁੱਖ ਮੁੱਖ ਇੰਜ਼ਨੀਅਰ ਹੈ.ਕੁ ਦਫਤਰ ਵਲੋਂ ਹੁਕਮ ਨੰ: 2416-39/ਅ-2 ਮਿਤੀ 17.06.2020 ਰਾਹੀ ਆਪਣੇ ਦਫਤਰ ਦੇ ਸਪੀਕਿੰਗ ਆਰਡਰ ਨੰ: 107/ਅ-11 ਮਿਤੀ 01.07.19 ਨੂੰ ਵਾਪਸ ਲੈ ਲਿਆ ਗਿਆ ਹੈ।

3. ਕਿਉਂਕਿ ਮੁੱਖ ਇੰਜਨੀਅਰ (ਹੈ.ਕੁ), ਲੋਕ ਨਿਰਮਾਣ ਵਿਭਾਗ ਦਫਤਰ ਵਲੋਂ ਸ੍ਰੀ ਹਰਪਾਲ ਸਿੰਘ ਸੰਧੂ ਦੀ ਬਤੌਰ ਜੂਨੀਅਰ ਇੰਜਨੀਅਰ ਸੀਨੀਆਰਤਾ ਸੂਚੀ ਵਿੱਚ ਹੁਕਮ ਨੰ: 107/ਅ-11 ਮਿਤੀ 01.07.19 ਰਾਹੀਂ ਦਿੱਤਾ ਗਿਆ ਲਾਭ ਵਾਪਸ (**withdraw**) ਲੈ ਲਿਆ ਗਿਆ ਹੈ, ਇਸ ਸਰਕਾਰ ਵਲੋਂ ਸ੍ਰੀ ਹਰਪਾਲ ਸਿੰਘ ਸੰਧੂ ਨੂੰ ਉਪ ਮੰਡਲ ਇੰਜਨੀਅਰ ਦੀ ਸੀਨੀਆਰਤਾ ਸੂਚੀ ਵਿੱਚ ਲੜੀ ਨੰ: 37 ਦੀ ਬਜਾਏ 7ਏ ਤੇ ਦਰਜ ਕਰਨ ਸਬੰਧੀ ਜਾਰੀ ਸਪੀਕਿੰਗ ਆਰਡਰ ਨੰ: 02/56/2019-ਇਸ1(4)/1588118/1-3 ਮਿਤੀ 01.10.19 ਨੂੰ ਵਾਪਸ (**withdraw**) ਕੀਤਾ ਜਾਣਾ ਬਣਦਾ ਹੈ।

4. ਸਰਕਾਰ ਵਲੋਂ ਆਪਣੇ ਹੁਕਮ ਨੰ:02/56/2019-ਇਸ1(4)/1588118/1-3 ਮਿਤੀ 01.10.19 ਨੂੰ ਵਾਪਸ ਲੈਣ (withdraw ਕਰਨ) ਤੋਂ ਪਹਿਲਾਂ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਸ੍ਰੀ ਹਰਪਾਲ ਸਿੰਘ ਸੰਧੂ, ਉਪ ਮੰਡਲ ਇੰਜਨੀਅਰ ਨੂੰ ਮਿਤੀ 02.07.2020 ਨੂੰ ਨਿੱਜੀ ਸੁਣਵਾਈ ਦਾ ਮੌਕਾ ਦਿੱਤਾ ਗਿਆ। ਨਿੱਜੀ ਸੁਣਵਾਈ ਦੌਰਾਨ ਅਧਿਕਾਰੀ ਵਲੋਂ ਆਪਣੇ ਪੱਖ ਵਿੱਚ ਕੋਈ ਠੋਸ ਤੱਥ/ਦਲੀਲ ਪੇਸ਼ ਨਹੀਂ ਕੀਤੀ ਗਈ। ਇਸ ਲਈ ਸਰਕਾਰ ਵਲੋਂ ਜਾਰੀ ਹੁਕਮ ਨੰ: 02/56/2019-ਇਸ1(4)/1588118/1-3 ਮਿਤੀ 01.10.19 ਨੂੰ ਵਾਪਸ ਲਿਆ (withdraw ਕੀਤਾ) ਜਾਂਦਾ ਹੈ ਅਤੇ ਸ੍ਰੀ ਹਰਪਾਲ ਸਿੰਘ ਸੰਧੂ ਦਾ ਨਾਮ ਸਰਕਾਰ ਵਲੋਂ ਉਪ ਮੰਡਲ ਇੰਜਨੀਅਰਾਂ ਦੀ ਜਾਰੀ ਸੀਨੀਆਰਤਾ ਸੂਚੀ ਨੰ: 16/11/2019-ਇਸ1(4)/217/1-3 ਮਿਤੀ 26.04.2019 ਵਿੱਚ ਲੜੀ ਨੰ: 37 ਤੇ ਹੀ ਸਟੈਂਡ ਕਰੇਗਾ।

5. ਇਹ ਹੁਕਮ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਕੋਰਟ ਕੇਸਾਂ ਤੇ ਅਧਾਰਤ ਹੋਣਗੇ ਅਤੇ ਜੇਕਰ ਮਾਨਯੋਗ ਕੋਰਟ ਵਲੋਂ ਇਸ ਸਬੰਧ ਵਿੱਚ ਕੋਈ ਹੁਕਮ ਪ੍ਰਾਪਤ ਹੁੰਦੇ ਹਨ ਜਾਂ ਸਰਕਾਰ ਦੇ ਧਿਆਨ ਵਿੱਚ ਕੋਈ ਨਵੇਂ ਤੱਥ ਸਾਹਮਣੇ ਆਉਂਦੇ ਹਨ ਤਾਂ ਇਹਨਾਂ ਹੁਕਮਾਂ ਨੂੰ ਵਾਪਸ ਲੈਣ ਦਾ ਸਰਕਾਰ ਦਾ ਹੱਕ ਰਾਖਵਾਂ ਹੋਵੇਗਾ।

6. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾਂਦੇ ਹਨ।

ਮਿਤੀ, ਚੰਡੀਗੜ੍ਹ:
15 ਜੁਲਾਈ 2020

ਵਿਕਾਸ ਪ੍ਰਤਾਪ, ਆਈ.ਏ.ਐਸ
ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ)

ਪਿ:ਅੰ:ਨੰ: 02/56/2019-ਇਸ1 (4)/598/1-3 ਮਿਤੀ, ਚੰਡੀਗੜ੍ਹ: 15-07-2020

ਇਸਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜਨੀਅਰ (ਹੈੱ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਮੀਮੋ ਨੰ: 4417/ਅ-1 ਮਿਤੀ 23.06.20 ਦੇ ਹਵਾਲੇ ਵਿੱਚ।
2) ਸਬੰਧਤ ਕਰਮਚਾਰੀ (ਮਾਰਫਤ: ਮੁੱਖ ਇੰਜਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮਾਂ ਦੀ ਕਾਪੀ ਸਬੰਧਤ ਕਰਮਚਾਰੀ ਨੂੰ ਪਹੁੰਚਾਉਣਾ ਯਕੀਨੀ ਬਣਾਉਣ।)
3) ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ ਪੀ.ਆਰ.ਬੀ.ਡੀ.ਬੀ. ਫੇਜ਼-2 ਮੋਹਾਲੀ ਨੂੰ ਇਹ ਹੁਕਮ ਵਿਭਾਗ ਦੀ ਵੈੱਬ ਸਾਈਟ ਤੇ ਅਪਲੋਡ ਕਰਨ ਹਿੱਤ।

ਅਧੀਨ ਸਕੱਤਰ, ਲੋਕ ਨਿਰਮਾਣ

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

ਮੂੰਹ ਬੋਲਦੇ ਹੁਕਮ

ਜਿਵੇਂ ਕਿ ਸਰਕਾਰ ਵਲੋਂ ਮਿਤੀ 29.11.2006 ਨੂੰ ਉਪ ਮੰਡਲ ਇੰਜੀਨੀਅਰ (ਸਿਵਲ) ਦੀ ਫਾਇਨਲ ਕੀਤੀ ਗਈ ਸੀਨੀਅਰਤਾ ਸੂਚੀ ਵਿਚ ਸਾਲ 1994 ਤੋ 2005 ਤੱਕ ਸੋਰਸ ਨੰ:2 ਜੂਨੀਅਰ ਇੰਜੀਨੀਅਰ ਤੋ ਬਤੌਰ ਉਪ ਮੰਡਲ ਇੰਜੀਨੀਅਰ ਪੱਦ ਉਨੱਤ ਨਾ ਹੋਣ ਕਾਰਨ ਕੁਝ ਸਲਾਟ ਖਾਲੀ ਛੱਡੇ ਗਏ ਸਨ ।

2. ਸਾਲ 1994 ਤੋ 2005 ਤੱਕ ਜੂਨੀਅਰ ਇੰਜੀਨੀਅਰ ਤੋ ਬਤੌਰ ਉਪ ਮੰਡਲ ਇੰਜੀਨੀਅਰ ਪੱਦ ਉਨੱਤੀ ਨਾ ਹੋਣ ਕਾਰਨ ਸ੍ਰੀ ਪ੍ਰੇਮ ਪਾਲ ਗੁਪਤਾ ਜੇ.ਈ ਵੱਲੋ ਮਾਨਯੋਗ ਹਾਈਕੋਰਟ ਵਿਚ ਸਿਵਲ ਰਿਟ ਪਟੀਸ਼ਨ ਨੰ:18159 ਆਫ 1995 ਦਾਇਰ ਕੀਤੀ ਗਈ ।ਜਿਸ ਵਿਚ ਮਾਨਯੋਗ ਹਾਈਕੋਰਟ ਵੱਲੋ ਮਿਤੀ 11.11 .2013 ਨੂੰ ਹੇਠ ਅਨੁਸਾਰ ਹੁਕਮ ਜਾਰੀ ਕੀਤੇ ਗਏ :-

"Having regard to the decision rendered by the Supreme Court that a person would be entitled also to higher scale for the higher post even if he was occupying an officiating pcst.I would afford to the petitioner the salary to be worked out on the higher scale and the arrears worked out on the basis of higher scales to the post to which he was actually working shall be calcuiated and released within a period of 8 weeks from the date of receipt of copy of this order.

As regards the contention that the petitioner was entitled to consideration for higher post and the vacancies had not been available since it is also brought out by the reply of the state that the matter for consideration of 3 posts available in the year 1996 is still pending with the Punjab Public Service Commission, the respondent shall place the matter again before the Punjab Public Service Commission and elicit its recommendations within 12 weeks from the date of receipt of copy of this order.If the petitioner is found entitled to be considered for the promotion post within the vacancy reserved the necessary orders shall be issued and the retiral benefits to the extent to which they may have a bearing may also be considered and released to the petitioner within a further period of 12 weeks from the date when the Punjab Public Service Commission takes a decision and communicates the said decision to the state"

The writ petition is disposed of as above.

November 11,2013

(K.KANNAN)
JUDGE

3. ਮਾਨਯੋਗ ਹਾਈਕੋਰਟ ਦੇ ਉਕਤ ਹੁਕਮਾਂ ਦੇ ਸਨਮੁੱਖ ਪੰਜਾਬ ਲੋਕ ਸੇਵਾ ਕਮਿਸ਼ਨ ਪਟਿਆਲਾ ਵੱਲੋ ਮਿਤੀ 28.4.2014 ਨੂੰ ਸਕਰੀਨਿੰਗ ਕੀਤੀ ਗਈ ਅਤੇ ਸਾਲ 1994 ਤੋ 2005 ਤੱਕ ਉਪ ਮੰਡਲ ਇੰਜ਼ਨੀਅਰ ਦੀ ਅਸਾਮੀ ਲਈ ਯੋਗ ਉਮੀਦਵਾਰਾਂ ਦੀ ਸੂਚੀ ਸਰਕਾਰ ਨੂੰ ਭੇਜੀ ਗਈ। ਪੰਜਾਬ ਲੋਕ ਸੇਵਾ ਕਮਿਸ਼ਨ ਵਲੋਂ ਕੀਤੀ ਸਿਫਾਰਿਸ਼ ਦੇ ਸਨਮੁੱਖ ਸਰਕਾਰ ਵਲੋਂ ਹੁਕਮ ਮਿਤੀ 09.10.2015 ਜਾਰੀ ਕਰਦੇ ਹੋਏ ਯੋਗ ਉਮੀਦਵਾਰਾਂ ਨੂੰ ਹੇਠ ਅਨੁਸਾਰ ਈਅਰ ਵਾਇਜ ਸਲਾਟ ਅਲਾਟ ਕਰ ਦਿੱਤੇ ਗਏ:-

| ਲੜੀ ਨੰ: | ਅਧਿਕਾਰੀ ਦਾ ਨਾਮ ਸਰਵ/ਸ੍ਰੀ | ਜਿਸ ਸਾਲ ਤੋ ਪੱਦ ਉਨੱਤੀ ਲਈ ਫਿੱਟ ਘੋਸ਼ਿਤ ਕੀਤਾ ਗਿਆ |
|---|---|---|
| 1. | ਆਰ.ਪੀ.ਵਰਮਾ | ਸਾਲ 1994 |

| | | |
|---|---|---|
| 2. | ਪ੍ਰੇਮ ਪਾਲ ਗੁਪਤਾ | ਸਾਲ 1996 |
| 3. | ਸੁਰੈਣ ਸਿੰਘ | ਸਾਲ 1996 |
| 4. | ਅਵਤਾਰ ਸਿੰਘ | ਸਾਲ 1998 |
| 5. | ਲਛਮਣਦਾਸ | ਸਾਲ 1998 |
| 6. | ਸੋਹਣ ਸਿੰਘ ਸਹੋਤਾ | ਸਾਲ 1998 |
| 7. | ਬਲਦੇਵ ਸਹਾਏ | ਸਾਲ 1999 |
| 8. | ਸਾਧੂ ਰਾਮ | ਸਾਲ 1999 |
| 9. | ਗੁਲਜਾਰ ਸਿੰਘ | ਸਾਲ 2000 |
| 10. | ਜ਼ਸਵੰਤ ਰਾਏ ਗੁਪਤਾ | ਸਾਲ 2000 |
| 11. | ਕਰਨੈਲ ਸਿੰਘ | ਸਾਲ 2000 |
| 12. | ਵੀ.ਡੀ.ਸ਼ਰਮਾ | ਸਾਲ 2001 |

4. ਇਸ ਦੌਰਾਨ ਕਈ ਉਪ ਮੰਡਲ ਇੰਜਨੀਅਰ ਜੋ ਕਿ ਸਾਲ 2010 ਵਿੱਚ ਪਦਉਨਤ ਹੋਏ ਸਨ, ਵਲੋਂ ਮਾਨਯੋਗ ਹਾਈਕੋਰਟ ਵਿੱਚ ਵੱਖ-ਵੱਖ ਕੇਸ (ਸਿਵਲ ਰਿੱਟ ਪਟੀਸ਼ਨ ਨੰ: 18463 ਆਫ 2012, ਸਿਵਲ ਰਿੱਟ ਪਟੀਸ਼ਨ ਨੰ: 13865 ਆਫ 2012, ਸਿਵਲ ਰਿੱਟ ਪਟੀਸ਼ਨ ਨੰ: 17671 ਆਫ 2012, ਸਿਵਲ ਰਿੱਟ ਪਟੀਸ਼ਨ ਨੰ: 22751 ਆਫ 2015, ਸਿਵਲ ਰਿੱਟ ਪਟੀਸ਼ਨ ਨੰ: 26101 ਆਫ 2015, ਸਿਵਲ ਰਿੱਟ ਪਟੀਸ਼ਨ ਨੰ: 2370 ਆਫ 2016 ਆਦਿ) ਦਾਇਰ ਕੀਤੇ ਗਏ ਅਤੇ ਮੰਗ ਕੀਤੀ ਗਈ ਕਿ ਕਿਉਂਜੋ ਮਿਤੀ 09.10.15 ਦੇ ਹੁਕਮਾਂ ਵਿੱਚ ਸ਼ਾਮਿਲ ਸਾਰੇ ਅਧਿਕਾਰੀ ਸੇਵਾ ਨਿਵਰਿਤ ਹੋ ਚੁੱਕੇ ਹਨ, ਇਸ ਲਈ ਉਹਨਾਂ ਦੀ ਬਜਾਏ ਸਾਲ 2010 ਵਿੱਚ ਪਦਉਨਤ ਹੋਏ ਅਧਿਕਾਰੀਆਂ ਨੂੰ ਇਹ ਸਲਾਟ ਅਲਾਟ ਕੀਤੇ ਜਾਣੇ ਬਣਦੇ ਹਨ।ਮਾਨਯੋਗ ਹਾਈਕੋਰਟ ਵਲੋਂ ਕਿਸੇ ਕੇਸ ਵਿੱਚ ਸਾਲ 2010 ਵਿੱਚ ਪਦਉਨਤ ਹੋਏ ਅਧਿਕਾਰੀਆਂ ਨੂੰ ਸਾਲ 1994 ਤੋਂ 2005 ਤੱਕ ਦੇ ਸਲਾਟ ਅਲਾਟ ਕਰਨ ਸਬੰਧੀ **specific** ਹੁਕਮ ਨਹੀਂ ਕੀਤੇ ਗਏ ਪਰੰਤੂ ਸਰਕਾਰ ਵੱਲੋ ਬਿਨਾਂ ਪੰਜਾਬ ਲੋਕ ਸੇਵਾ ਕਮਿਸਨ ਦੀ ਸਲਾਹ ਪ੍ਰਾਪਤ ਕੀਤੇ ਮਿਤੀ 15.7.2016 ਨੂੰ ਸ਼ੁੱਧੀ ਪੱਤਰ ਜਾਰੀ ਕੀਤਾ ਗਿਆ ਜਿਸ ਵਿਚ ਸਾਲ 2010 ਵਿਚ ਬਤੌਰ ਉਪ ਮੰਡਲ ਇੰਜੀਨੀਅਰ ਪੱਦ ਉਨੱਤ ਅਧਿਕਾਰੀਆਂ ਨੂੰ ਸਾਲ 1994 ਤੋਂ 2005 ਤੱਕ ਦੇ ਸਲਾਟ ਜਾਰੀ ਕਰ ਦਿੱਤੇ ਗਏ, ਜਿਨਾਂ ਦੀ ਲਿਸਟ ਹੇਠ ਅਨੁਸਾਰ ਹੈ ਜੀ :-

| Sr No. | Seniority no.as on date | Name of SDE |
|---|---|---|
| 1 | 462 | Bhupinder Kumar Kohli |
| 2 | 463 | Bhupinder Singh |
| 3 | 470 | Parveen Kumar |
| 4 | 478 | Pawan Kumar Gupta |
| 5 | 479 | Shawinder Singh |
| 6 | 486 | Gurjit Singh |
| 7 | 487 | Darshan Singh |
| 8 | 495 | Harjinder Singh |
| 9 | 502 | Sohan Lal |
| 10 | 503 | Gurvinder Singh Bedi |

| | | |
|---|---|---|
| 11 | 510 | Arjun Dev |
| 12 | 511 | Milkh Raj |
| 13 | 518 | Harjinder Singh |
| 14 | 519 | Raj Kumar Aggarwal |
| 15 | 526 | Amar nath |
| 16 | 527 | Avtar Singh Walia |
| 17 | 535 | Pardeep Soni |
| 18 | 542 | Jaswant Singh |
| 19 | 543 | Satwinder Mehta |
| 20 | 550 | Mohar Singh |
| 21 | 558 A | Hardeep Singh Kahlon |

5. ਸਰਕਾਰ ਵਲੋਂ ਜਾਰੀ ਉਕਤ ਸੂਧੀ ਪੱਤਰ ਮਿਤੀ 15.07.2016 ਨੂੰ ਰੀਵਿਊ ਕਰਨ ਲਈ ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਜੀ ਦੀ ਪ੍ਰਧਾਨਗੀ ਹੇਠ ਤਿੰਨ ਮੈਂਬਰੀ ਕਮੇਟੀ ਬਣਾਈ ਗਈ, ਜਿਸ ਵਿੱਚ ਮੁੱਖ ਇੰਜ਼ਨੀਅਰ (ਹੈ.ਕੁ), ਲੋਕ ਨਿਰਮਾਣ ਵਿਭਾਗ, ਪੰਜਾਬ ਅਤੇ ਅਧੀਨ ਸਕੱਤਰ, ਲੋਕ ਨਿਰਮਾਣ ਬਤੌਰ ਮੈਬਰ ਸ਼ਾਮਿਲ ਸਨ। ਇਸ ਤਿੰਨ ਮੈਂਬਰੀ ਕਮੇਟੀ ਵਲੋਂ ਕੇਸ ਨਾਲ ਸਬੰਧਤ ਸਾਰੇ ਉਪਲਬਧ ਰਿਕਾਰਡ ਨੂੰ ਘੋਖਿਆ ਗਿਆ ਅਤੇ ਇਸ ਤੋਂ ਇਲਾਵਾ ਮਿਤੀ 15.07.2016 ਦੇ ਹੁਕਮਾਂ ਵਿੱਚ ਸ਼ਾਮਿਲ ਅਧਿਕਾਰੀਆਂ ਨੂੰ ਮਿਤੀ 03.06.2020 ਨੂੰ ਨਿੱਜੀ ਤੌਰ ਤੇ ਵੀ ਸੁਣਿਆ ਗਿਆ।

6. ਕੇਸ ਨਾਲ ਸਬੰਧਤ ਰਿਕਾਰਡ ਨੂੰ ਘੋਖਣ ਅਤੇ ਮਿਤੀ 15.07.2016 ਦੇ ਹੁਕਮਾਂ ਵਿੱਚ ਸ਼ਾਮਿਲ ਅਧਿਕਾਰੀਆਂ ਨੂੰ ਮਿਤੀ 03.06.2020 ਨੂੰ ਨਿੱਜੀ ਸੁਣਵਾਈ ਦੇਣ ਉਪਰੰਤ ਕਮੇਟੀ ਵਲੋਂ ਸਿਫਾਰਿਸ਼ ਕੀਤੀ ਗਈ ਕਿ ਮਿਤੀ 15.07.2016 ਨੂੰ ਸਰਕਾਰ ਪੱਧਰ ਤੇ ਜਾਰੀ ਕੀਤੇ ਗਏ ਹੁਕਮ 1965 ਦੇ ਵਿਭਾਗੀ ਨਿਯਮਾਂ ਦੇ ਵਿਰੁਧ ਹਨ ਕਿਉਂਕਿ ਇਹ ਹੁਕਮ ਬਿਨਾਂ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਲਾਹ/ ਸਕਰੀਨਿੰਗ ਦੇ ਜਾਰੀ ਕੀਤੇ ਗਏ ਹਨ। ਇਸ ਤੋਂ ਇਲਾਵਾ ਕਿਉਂਜੋ ਮਿਤੀ 09.10.2015 ਦੇ ਹੁਕਮਾਂ ਰਾਹੀ ਸਰਕਾਰ ਵਲੋਂ ਪੰਜਾਬ ਲੋਕ ਸੇਵਾ ਕਮਿਸ਼ਨ ਦੁਆਰਾ ਸਿਫਾਰਿਸ਼ ਕੀਤੇ ਗਏ ਅਧਿਕਾਰੀਆਂ ਨੂੰ ਪਹਿਲਾਂ ਹੀ ਸਾਲ 1994 ਤੋਂ 2005 ਤੱਕ ਦੇ ਖਾਲੀ ਸਲਾਟ ਅਲਾਟ ਕੀਤੇ ਜਾ ਚੁੱਕੇ ਸਨ, ਇਸ ਲਈ ਇਹ ਸਲਾਟ ਦੁਬਾਰਾ ਅਲਾਟ ਨਹੀਂ ਕੀਤੇ ਜਾ ਸਕਦੇ। ਇਸ ਲਈ ਕਮੇਟੀ ਵਲੋਂ ਮਿਤੀ 15.07.2016 ਦੇ ਹੁਕਮਾਂ ਨੂੰ ਪ੍ਰਸ਼ਾਸ਼ਕੀ ਹਿੱਤ ਵਿੱਚ ਵਾਪਸ

ਲੈਣ (withdraw ਕਰਨ) ਦੀ ਸਿਫਾਰਿਸ਼ ਕੀਤੀ ਗਈ ਜੋ ਕਿ ਸਮਰੱਥ ਅਥਾਰਟੀ ਵਲੋਂ ਪ੍ਰਵਾਨ ਕਰ ਲਈ ਗਈ ਹੈ।

7. ਉਕਤ ਵਿਸਥਾਰਪੂਰਵਕ ਸਥਿਤੀ ਦੇ ਸਨਮੁੱਖ ਸਰਕਾਰ ਵਲੋਂ ਪੱਤਰ ਨੰ: 16/70/2013-ਏਸ1(4)/79688413 ਮਿਤੀ: 15.07.2016 ਰਾਹੀਂ ਜਾਰੀ ਕੀਤਾ ਗਿਆ ਸ਼ੁੱਧੀ ਪੱਤਰ ਵਾਪਸ ਲਿਆ (withdraw ਕੀਤਾ) ਜਾਂਦਾ ਹੈ।

8. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਵਿਕਾਸ ਪ੍ਰਤਾਪ, ਆਈ.ਏ.ਐਸ**
**ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਮਿਤੀ, ਚੰਡੀਗੜ੍ਹ:**
**14 ਜੁਲਾਈ 2020**

**ਪਿ:ਅੰ:ਨੰ: 16/80/2019-ਏਸ1 (4)/** 594/1-3 **ਮਿਤੀ, ਚੰਡੀਗੜ੍ਹ:** 15/07/2020

ਇਸਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮੁੱਖ ਇੰਜ਼ਨੀਅਰ (ਹੈੱ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ।
2) ਸਬੰਧਤ ਕਰਮਚਾਰੀ (ਮਾਰਫਤ: ਮੁੱਖ ਇੰਜ਼ਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮਾਂ ਦੀ ਕਾਪੀ ਸਬੰਧਤ ਕਰਮਚਾਰੀ ਨੂੰ ਪਹੁੰਚਾਉਣਾ ਯਕੀਨੀ ਬਣਾਉਣ।)
3) ਸ੍ਰੀ ਕਰਮਜੀਤ ਸਿੰਘ, ਡਿਪਟੀ ਡਾਇਰੈਕਟਰ ਪੀ.ਆਰ.ਬੀ.ਡੀ.ਬੀ. ਫੇਜ-2 ਮੋਹਾਲੀ ਨੂੰ ਇਹ ਹੁਕਮ ਵਿਭਾਗ ਦੀ ਵੈੱਬ ਸਾਈਟ ਤੇ ਅਪਲੋਡ ਕਰਨ ਹਿੱਤ।

ਅਧੀਨ ਸਕੱਤਰ, ਲੋਕ ਨਿਰਮਾਣ

PWD-BR1020/70/2020-4BR1/49571

dt. 15.07.2020

ਪੰਜਾਬ ਸਰਕਾਰ

ਲੋਕ ਨਿਰਮਾਣ ਵਿਭਾਗ

(ਇਮਾਰਤਾਂ ਤੇ ਸੜਕਾਂ-1 ਸ਼ਾਖਾ)

**ਅਧਿਸੂਚਨਾ**

**ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਲੋਕ ਨਿਰਮਾਣ ਵਿਭਾਗ (ਭ ਤੇ ਮ ਸਾਖਾ) ਵਿੱਚ ਕੰਮ ਕਰ ਰਹੇ ਹੇਠ ਲਿਖੇ ਉਪ ਮੰਡਲ ਇੰਜ਼ਨੀਅਰ (ਸਿਵਲ) ਵਲੋਂ ਵਿਭਾਗੀ ਪੇਸ਼ਾਵਾਰਾਨਾ ਇਮਤਿਹਾਨ ਨੂੰ ਸਫਲਤਾ ਪੂਰਵਕ ਪਾਸ ਕਰਨ ਉਪਰੰਤ, ਸਫਲ ਘੋਸ਼ਿਤ ਕਰਨ ਦੀ ਪ੍ਰਵਾਨਗੀ ਦਿੰਦੇ ਹਨ:-**

| ਲੜੀ ਨੰ: | ਉਪ ਮੰਡਲ ਇੰਜ਼ਨੀਅਰ ਦਾ ਨਾਮ<br>ਸਰਵ ਸ੍ਰੀ | ਜਿਸ ਮਿਤੀ ਨੂੰ ਵਿਭਾਗੀ ਪੇਸ਼ਾਵਾਰਾਨਾ ਇਮਤਿਹਾਨ ਹੋਇਆ |
|---|---|---|
| 1. | ਸੁਰੇਸ਼ ਕੁਮਾਰ | ਮਿਤੀ 29.01.20 ਤੋਂ ਮਿਤੀ 31.01.20 ਦੌਰਾਨ |
| 2. | ਦਲਵੀਰ ਸਿੰਘ | ਮਿਤੀ 29.01.20 ਤੋਂ ਮਿਤੀ 31.01.20 ਦੌਰਾਨ |
| 3. | ਸਤਨਾਮ ਸਿੰਘ | ਮਿਤੀ 29.01.20 ਤੋਂ ਮਿਤੀ 31.01.20 ਦੌਰਾਨ |
| 4. | ਨਲਿਨ ਸ਼ਰਮਾ | ਮਿਤੀ 29.01.20 ਤੋਂ ਮਿਤੀ 31.01.20 ਦੌਰਾਨ |
| 5. | ਰਾਘਵ ਖਜੂਰੀਆ | ਮਿਤੀ 29.01.20 ਤੋਂ ਮਿਤੀ 31.01.20 ਦੌਰਾਨ |
| 6. | ਗੁਰਜੀਤ ਸਿੰਘ | ਮਿਤੀ 29.01.20 ਤੋਂ ਮਿਤੀ 31.01.20 ਦੌਰਾਨ |
| 7. | ਹਰਮੇਲ ਸਿੰਘ | ਮਿਤੀ 29.01.20 ਤੋਂ ਮਿਤੀ 31.01.20 ਦੌਰਾਨ |
| 8. | ਇੰਦਰਪ੍ਰੀਤ ਸਿੰਘ | ਮਿਤੀ 29.01.20 ਤੋਂ ਮਿਤੀ 31.01.20 ਦੌਰਾਨ |

ਮਿਤੀ, ਚੰਡੀਗੜ੍ਹ:
11 ਜੁਲਾਈ, 2020

ਵਿਕਾਸ ਪ੍ਰਤਾਪ
ਪ੍ਰਮੁੱਖ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ)

ਇਸਦਾ ਇਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਪੰਜਾਬ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਬੰਧੀ ਅਧਿ-ਸੂਚਨਾਂ ਆਉਣ ਵਾਲੇ ਅਗਲੇਰੇ ਪੰਜਾਬ ਸਰਕਾਰ ਦੇ ਆਮ

RTO

PWD-BR1020/70/2020-4BR1/49571
dt. 15.07.2020

ਗਜਟ ਵਿੱਚ ਛਾਪਣ ਦੀ ਕ੍ਰਿਪਾਲਤਾ ਕੀਤੀ ਜਾਵੇ ਅਤੇ ਇਸ ਦੀਆਂ 25 ਕਾਪੀਆਂ ਇਸ ਵਿਭਾਗ ਨੂੰ ਰਿਕਾਰਡ ਹਿੱਤ ਭੇਜਣ ਦੀ ਖੇਚਲ ਕੀਤੀ ਜਾਵੇ।

ਅਧੀਨ ਸਕੱਤਰ, ਲੋਕ ਨਿਰਮਾਣ

ਇਸਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਮਹਾਂਲੇਖਾਕਾਰ, ਪੰਜਾਬ, ਚੰਡੀਗੜ੍ਹ।
2) ਮੁੱਖ ਇੰਜ਼ਨੀਅਰ (ਹੈੱ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ;
3) ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ
4) ਸਬੰਧਤ ਅਧਿਕਾਰੀ।

ਅਧੀਨ ਸਕੱਤਰ, ਲੋਕ ਨਿਰਮਾਣ

File No.PWD-BR109/24/2020-1BR1 |48331|1
Dated:- 13|07|2020

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਅਤੇ ਸੜਕਾਂ-1 ਸ਼ਾਖਾ)

**ਹੁਕਮ**

ਸਰਕਾਰ ਦੇ ਹੁਕਮ ਨੰ 02/14/2020-ਇਸ 1(2)/518/1-6 ਮਿਤੀ 09.07.2020 ਰਾਹੀਂ ਲੜੀ ਨੰ:1 ਤੇ ਦਰਜ ਸ੍ਰੀ ਸੁਖਦੀਪ ਸਿੰਘ ਢੀਂਡਸਾ, ਨਿਗਰਾਨ ਇੰਜ਼ਨੀਅਰ ਨੂੰ ਟ੍ਰੈਫਿਕ ਸੈੱਲ, ਮੁੱਖ ਦਫਤਰ ਪਟਿਆਲਾ ਵਿਖੇ ਤੈਨਾਤ ਕੀਤਾ ਗਿਆ ਸੀ। ਇਹਨਾ ਹੁਕਮਾਂ ਦੀ ਅਧਿਲੰਘਣਾ ਵਿੱਚ ਹੁਣ ਸ੍ਰੀ ਸੁਖਦੀਪ ਸਿੰਘ ਢੀਂਡਸਾ ਲੂੰ ਟ੍ਰੈਫਿਕ ਸੈੱਲ-ਕਮ-ਐਡਮਿਨ ਆਫ ਪੀ.ਆਰ.ਬੀ.ਡੀ.ਬੀ ਵਜੋਂ ਤੈਨਾਤ ਕੀਤਾ ਜਾਂਦਾ ਹੈ।

2. ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।
3. ਇਹ ਹੁਕੰਮ ਤੁਰੰਤ ਲਾਗੂ ਹੋਣਗੇ।

**ਮਿਤੀ, ਚੰਡੀਗੜ੍ਹ:**
**10 ਜੁਲਾਈ, 2020**

**ਵਿਕਾਸ ਪ੍ਰਤਾਪ, ਆਈ.ਏ.ਐਸ.,**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

ਪਿਠ ਅੰ. ਨੰ: 2/14/2020-ਇਸ 1(4)/ ਮਿਤੀ, ਚੰਡੀਗੜ੍ਹ:

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਮੁੱਖ ਇੰਜੀਨੀਅਰ (ਹੈ.ਕੁ) ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ/ਚੰਡੀਗੜ੍ਹ;
2. ਸਮੂਹ ਮੁੱਖ ਇੰਜ਼ੀਨੀਅਰ, ਪੰਜਾਬ ਲੋਕ ਨਿਰਮਾਣ ਵਿਭਾਗ।
3. ਸਬੰਧਤ ਅਧਿਕਾਰੀ
4. ਸ੍ਰੀ ਕਰਮਜੀਤ ਸਿੰਘ,ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ. ਫੇਜ-2 ਮੋਹਾਲੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਵਿਭਾਗ ਦੀ ਵੈੱਬ ਸਾਈਟ ਤੇ ਪਾਉਣ ਉਪਰੰਤ

--2--

File No.PWD-BR109/24/2020-1BR1

ਰਿਪੋਰਟ ਸਰਕਾਰ ਨੂੰ ਭੇਜੀ ਜਾਵੇ।

ਸੁਪਰਡੰਟ

ਅੰਦਰੂਨੀ ਵੰਡ:-

1. ਸਕੱਤਰ/ਮ.ਲੋ.ਨਿ.ਮੰ. ਜੀ।
2. ਨਿਜੀ ਸਕੱਤਰ/ਸਕੱਤਰ ਲੋਕ ਨਿਰਮਾਣ ਵਿਭਾਗ, ਪੰਜਾਬ।
3. ਨਿੱਜੀ ਸਹਾਇਕ/ਵਿਸੇਸ ਸਕੱਤਰ, ਲੋਕ ਨਿਰਮਾਣ ਵਿਭਾਗ, ਪੰਜਾਬ।

No. 71798/2020 JS - PRBDB
dt. 10/07/2020

File no.PWD-BR102/21/2020-1BR1/444751
Dated-
Dated:-03/07/2020

**ਪੰਜਾਬ ਸਰਕਾਰ**

**ਲੋਕ ਨਿਰਮਾਣ ਵਿਭਾਗ**

**(ਇਮਾਰਤਾਂ ਤੇ ਸ਼ੜਕਾਂ-1 ਸ਼ਾਖਾ)**

**ਹੁਕਮ**

JS/DD(I.T)

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ ਸ੍ਰੀ ਰਵੀ ਚਾਵਲਾ ਅਤੇ ਸ੍ਰੀ ਰਜਿੰਦਰ ਕੁਮਾਰ ਨਿਗਰਾਨ ਇੰਜੀਨੀਅਰ (ਸਿਵਲ), ਲੋਕ ਨਿਰਮਾਣ ਵਿਭਾਗ (ਭ ਤੇ ਮ) ਦੇ ਮਿਤੀ-22-08-2019 ਤੋਂ ਮਿਤੀ-12-09-2019 ਤੱਕ ਦਾ ਮਜਬੂਰਨ ਉਡੀਕ ਸਮੇਂ ਨੂੰ ਪੰਜਾਬ ਸਿਵਲ ਸੇਵਾਂਵਾਂ ਰੂਲਜ ਜਿਲਦ-1, ਭਾਗ-1 ਦੇ ਨਿਯਮ 2.16 ਅਧੀਨ ਡਿਊਟੀ ਸਮਾਂ ਮੰਨਣ ਦੀ ਪ੍ਰਵਾਨਗੀ ਦਿੰਦੇ ਹਨ।

2. ਇਹ ਪ੍ਰਵਾਨਗੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-2 ਸ਼ਾਖਾ) ਵਲੋਂ ਜਾਰੀ ਪੱਤਰ ਮਿਤੀ-31.10.2011 ਦੀ ਰੋਸ਼ਨੀ ਵਿੱਚ ਅਤੇ ਸਮੱਰਥ ਅਥਾਰਟੀ ਦੀ ਪ੍ਰਵਾਨਗੀ ਦੇ ਸਨਮੁੱਖ ਜਾਰੀ ਕੀਤਾ ਜਾਂਦਾ ਹੈ।

**ਵਿਕਾਸ ਪ੍ਰਤਾਪ, ਆਈ.ਏ.ਐਸ.,**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਲੋਕ ਨਿਰਮਾਣ ਵਿਭਾਗ (ਭ ਤੇ ਮ)**

**ਮਿਤੀ, ਚੰਡੀਗੜ੍ਹ-**
**01-07-2020**

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1) ਮੁੱਖ ਇੰਜੀਨੀਅਰ (ਹੈ.ਕੁ), ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ ਨੂੰ ਉਨ੍ਹਾਂ ਦੇ ਪੱਤਰ ਨੰ-2839 ਅਮਲਾ-1, ਮਿਤੀ-21.05.2020 ਦੇ ਹਵਾਲੇ ਵਿੱਚ,
2) ਮੁੱਖ ਇੰਜੀਨੀਅਰ, ਪੀ.ਆਰ.ਬੀ.ਡੀ.ਬੀ, ਮੋਹਾਲੀ ਨੂੰ ਵਿਭਾਗ ਦੀ ਵੈੱਬ ਸਾਈਟ ਤੇ ਅਪਲੋਡ ਕਰਨ ਹਿੱਤ,
3) ਖਜਾਨਾ ਦਫਤਰ, ਪਟਿਆਲਾ,
4) ਸ੍ਰੀ ਰਵੀ ਚਾਵਲਾ ਅਤੇ ਸ੍ਰੀ ਰਜਿੰਦਰ ਕੁਮਾਰ ਨਿਗਰਾਨ ਇੰਜੀਨੀਅਰ (ਸਿਵਲ), ਲੋਕ ਨਿਰਮਾਣ ਵਿਭਾਗ (ਭ ਤੇ ਮ)।

**ਅਧੀਨ ਸਕੱਤਰ, ਲੋਕ ਨਿਰਮਾਣ**